# ECHO OF HIS CALL

# ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

REACHING NATIONS

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII | MARCH 2023 | No. 10


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 66:12-20

12. ਤੈਂ ਮਨੁੱਖਾਂ ਨੂੰ ਸਾਡੇ ਸਿਰਾਂ ਉੱਤੇ ਚੜ੍ਹਾ ਦਿੱਤਾ ਹੈ, ਅਸੀਂ ਅੱਗ ਅਤੇ ਪਾਣੀ ਵਿੱਚੋਂ ਲੰਘੇ, ਪਰ ਤੂੰ ਸਾਨੂੰ ਭਰਿਆਂ ਥਾਵਾਂ ਵਿੱਚ ਪਹੁੰਚਾ ਦਿੱਤਾ ਹੈ।
13. ਮੈਂ ਹੋਮ ਦੀਆਂ ਭੇਟਾਂ ਨਾਲ ਤੇਰੇ ਭਵਨ ਵਿੱਚ ਆਵਾਂਗਾ, ਮੈਂ ਆਪਣੀਆਂ ਸੁੱਖਣਾ ਤੇਰੇ ਅੱਗੇ ਪੂਰੀਆਂ ਕਰਾਂਗਾ,
14. ਜਿਹੜੀਆਂ ਮੇਰੇ ਬੁੱਲਾਂ ਤੋਂ ਨਿਕਲੀਆਂ ਅਤੇ ਸੰਕਟ ਦੇ ਵੇਲੇ ਮੈਂ ਆਪਣੇ ਮੂੰਹੋਂ ਮੰਨੀਆਂ।
15. ਮੈਂ ਤੈਨੂੰ ਹੋਮ ਦੀਆਂ ਬਲੀਆਂ ਲਈ ਮੋਟੇ ਮੋਟੇ ਪਸ਼ੂਆਂ ਨੂੰ ਛੱਤਰਿਆਂ ਦੀ ਧੂਪ ਨਓਲ ਚੜ੍ਹਾਵਾਂਗਾ, ਮੈਂ ਵਹਿੜਕਿਆਂ ਨੂੰ ਬੱਕਰਿਆਂ ਨਾਲ ਚੜ੍ਹਾਵਾਂਗਾ। ਸਲਹ।
16. ਪਰਮੇਸ਼ੁਰ ਦਾ ਭੈ ਰੱਖਣ ਵਾਲਿਓ ਆਓ ਸੁਣੋ, ਅਤੇ ਮੈਂ ਦੱਸਾਂਗਾ ਕਿ ਉਸਨੇ ਮੇਰੀ ਜਾਨ ਲਈ ਕੀ ਕੁਝ ਕੀਤਾ ਹੈ।
17. ਮੈਂ ਆਪਣੇ ਮੂੰਹ ਨਾਲ ਉਸ ਨੂੰ ਪੁਕਾਰਿਆ, ਅਤੇ ਮੇਰੀ ਰਸਨਾ ਨਾਲ ਉਸ ਨੂੰ ਸਲਾਹਿਆ।
18. ਜੇ ਮੈਂ ਆਪਣੇ ਦਿਲ ਵਿੱਚ ਬਦੀ ਰੱਖਦਾ, ਤਾਂ ਪ੍ਰਭੂ ਮੇਰੀ ਨਾ ਸੁਣਦਾ।
19. ਪਰ ਸੱਚਮੁੱਚ ਪਰਮੇਸ਼ੁਰ ਨੇ ਮੇਰੀ ਸੁਣੀ ਹੈ; ਉਸਨੇ ਮੇਰੀ ਪ੍ਰਾਰਥਨਾ ਦੀ ਅਵਾਜ਼ ਵੱਲ ਕੰਨ ਲਾਇਆ ਹੈ।
20. ਧੰਨ ਹੈ ਪਰਮੇਸ਼ੁਰ, ਜਿਸ ਨੇ ਮੇਰੀ ਪ੍ਰਾਰਥਨਾ ਨੂੰ ਰੱਦ ਨਾ ਕੀਤਾ, ਨਾ ਆਪਣੀ ਦਯਾ ਨੂੰ ਮੈਥੋਂ ਰੋਕਿਆ।

# ਤੁਹਾਡੀ ਉਦਾਸੀ ਅਨੰਦ ਵਿੱਚ ਬਦਲ ਜਾਵੇਗੀ!

(ਯੂਹੰਨਾ 16:20)

ਪਾਸਟਰ ਐੱਸ. ਸੈਮ ਸੇਲਵਾ ਰਾਜ
ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼

**YOUR SORROW WILL BE TURNED INTO JOY!**

ਤੁਹਾਡੀ ਉਦਾਸੀ ਅਨੰਦ ਵਿੱਚ ਬਦਲ ਜਾਵੇਗੀ!
ਤੁਹਾਡੀ ਉਦਾਸੀ ਅਰ ਹੰਝੂ ਮੁੱਕ ਜਾਣਗੇ।
ਬੇਟੇ ਭੈਅਭੀਤ ਨਾ ਹੋ, ਬੇਟੀ ਭੈਅਭੀਤ ਨਾ ਹੋ,
ਸਾਡਾ ਯਿਸੂ ਤੁਹਾਨੂੰ ਨਹੀਂ ਤਿਆਗੇਗਾ।
1. ਬੀਤੇ ਸਮੇਂ ਬਾਰੇ ਸੋਚ ਕੇ ਨਿਰਾਸ਼ ਨਾ ਹੋਵੋ, ਜੋ ਵੀ ਹੋਇਆ ਉਸਨੂੰ ਭੁੱਲ ਜਾਓ,
ਪ੍ਰਮੇਸ਼ਵਰ ਇੱਕ ਨਵਾਂ ਕੰਮ ਕਰੇਗਾ; ਤੁਸੀਂ ਅੱਜ ਹੀ, ਇਸੇ ਦਿਨ ਵਿੱਚ ਹੀ ਵੇਖੋਗੇ!
ਨਿਰਾਸ਼ ਨਾ ਹੋਵੋ, ਹਾਂ ਨਿਰਾਸ਼ ਨਾ ਹੋਵੋ,
ਸਾਡਾ ਪ੍ਰਭੂ ਪ੍ਰਮੇਸ਼ਵਰ ਨਹੀਂ ਤਿਆਗੇਗਾ।
2. ਪ੍ਰਮੇਸ਼ਵਰ ਟੁੱਟੇ ਦਿਲ ਵਾਲਿਆਂ ਨੂੰ ਨਰੋਆ ਕਰਦਾ ਹੈ; ਉਹ ਘਾਇਲਾਂ ਨੂੰ ਸਹਾਰਾ ਦਿੰਦਾ;
ਜ਼ਖ਼ਮੀਆਂ ਨੂੰ ਪੱਟੀ ਬੰਨ੍ਹਦਾ, ਸਾਡੇ ਹੰਝੂ ਪੂੰਝਦਾ ਹੈ; ਹਾਂ ਉਹ ਸਾਡੇ ਹੰਝੂ ਪੂੰਝਦਾ ਹੈ।
ਨਿਰਾਸ਼ ਨਾ ਹੋਵੋ, ਭੈਅਭੀਤ ਨਾ ਹੋਵੋ;
ਪ੍ਰਮੇਸ਼ਵਰ ਤੁਹਾਨੂੰ ਨਹੀਂ ਤਿਆਗੇਗਾ।
3. ਉਹ ਤੁਹਾਡੀ ਸਮਰੱਥ ਤੋਂ ਵਧੀਕ ਪਰਖ ਦੀ ਆਗਿਆ ਨਹੀਂ ਦੇਵੇਗਾ;
ਤੁਹਾਨੂੰ ਲੋੜੀਂਦੀ ਤਾਕਤ ਦੇਵੇਗਾ; ਉਹ ਬਾਹਰ ਨਿਕਲਣ ਦਾ ਰਾਹ ਤੁਹਾਨੂੰ ਵਿਖਾਵੇਗਾ।
ਨਿਰਾਸ਼ ਨਾ ਹੋਵੋ, ਭੈਅਭੀਤ ਨਾ ਹੋਵੋ;
ਉਹ ਤੁਹਾਨੂੰ ਨਹੀਂ ਤਿਆਗੇਗਾ। (ਫਾਦਰ ਐੱਸ. ਜੇ. ਬਰਕਮੇਨਸ)

ਇਹ ਈਸ਼ਵਰੀ ਸੰਦੇਸ਼ ਪ੍ਰਮੇਸ਼ਵਰ ਤੁਹਾਨੂੰ ਦਿੰਦਾ ਹੈ!




ਬੁਲਾਵ ਦੀ ਗੂੰਜ

## ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਨਾਲ ਨਿੱਜੀ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ।

5 ਮਿੰਟ ਦੇ ਸੰਦੇਸ਼!!

ਅੰਗ੍ਰੇਜ਼ੀ ਅਤੇ ਹਿੰਦੀ ਤਮਿਲ ਅਤੇ ਤੇਲਗੂ
ਰੋਜਾਨਾ ਸਵੇਰੇ 5 ਵਜੇ
ਐਤਵਾਰ ਦੀ ਤਮਿਲ ਸਭਾ ਸਵੇਰੇ 8:30 ਵਜੇ

# ECHO OF HIS CALL - (1969-2019 GOLDEN JUBILEE YEAR)

REACHING NATIONS

## *from your dearly beloved brother...*





**"ਯਹੋਵਾਹ ਮੇਰਾ ਅੱਯਾਲੀ ਹੈ, ਮੈਨੂੰ ਥੁੜ ਨਾ ਹੋਵੇਗੀ"**
**(ਜ਼ਬਰਾਂ ਦੀ ਪੋਥੀ 23:1)**

ਪ੍ਰਭੂ ਵਿਚ ਪਿਆਰੇ ਪਿਆਰੇ,

ਮੈਂ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ, ਯਿਸੂ ਮਸੀਹ ਦੇ ਨਾਮ ਵਿੱਚ ਪਿਆਰ ਨਾਲ ਨਮਸਕਾਰ ਕਰਦਾ ਹਾਂ।

ਅਸੀਂ ਉਨ੍ਹਾਂ ਸਾਰੇ ਲੋਕਾਂ ਲਈ ਆਪਣੇ ਪ੍ਰਭੂ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਹਾਂ ਜਿਨ੍ਹਾਂ ਨੇ ਸਾਡੀ ਮੈਗਜ਼ੀਨ, ਬੁਲਾਵੇ ਦੀ ਗੂੰਜ ਦੁਆਰਾ ਪ੍ਰਮੇਸ਼ਵਰ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ ਹਨ। ਅਸੀਂ ਸਾਡੇ ਪ੍ਰਭੂਆਂ ਦੇ ਪ੍ਰਭੂ ਦੀ ਉਸਤਤ ਕਰਦੇ ਹਾਂ ਕਿਉਂਕਿ ਸਾਨੂੰ ਪਤਾ ਲੱਗਾ ਹੈ ਕਿ ਸਾਡੇ ਨਵੇਂ ਸ਼ੁਰੂ ਕੀਤੇ ਯੂ-ਟਿਊਬ ਚੈਨਲ ਵਿੱਚ ਸਵੇਰੇ 5 ਮਿੰਟ ਦੇ ਪ੍ਰਭੂ ਦੇ ਸੰਦੇਸ਼ ਦੁਆਰਾ ਤੁਹਾਨੂੰ ਆਸ਼ਿਸ਼ ਮਿਲ ਰਹੀ ਹੈ। ਅਸੀਂ ਜੋ ਵੀ ਕਰ ਸਕਦੇ ਹਾਂ ਉਹ ਕਰਦੇ ਹਾਂ, ਤਾਂ ਜੋ ਤੁਸੀਂ ਲਾਭ ਪ੍ਰਾਪਤ ਕਰੋ।

ਜਿਉਂ ਜਿਉਂ ਦਿਨ ਬੀਤਦੇ ਜਾਂਦੇ ਹਨ, ਪ੍ਰਭੂ ਦੀ ਸੇਵਕਾਈ ਵਧਦੀ ਜਾਂਦੀ ਹੈ। ਲੋਕ ਬਰਕਤ ਪਾ ਰਹੇ ਹਨ। ਪਰ ਅਸੀਂ ਉਨ੍ਹਾਂ ਮੁਸ਼ਕਲਾਂ ਅਤੇ ਸੰਘਰਸ਼ਾਂ ਦਾ ਅਨੁਭਵ ਕਰ ਰਹੇ ਹਾਂ ਜੋ ਸ਼ੁਰੂਆਤੀ ਚਰਚ ਦੇ ਰਸੂਲਾਂ ਨਾਲ ਵਾਪਰੀਆਂ ਸਨ। ਜਿਵੇਂ ਕਿ ਅਸੀਂ ਵੱਖ-ਵੱਖ ਸੇਵਕਾਈਆਂ ਅਤੇ ਖੁਸ਼ਖਬਰੀ ਦੇ ਜ਼ਰੀਏ ਸ਼ੈਤਾਨ ਦੇ ਗੜ੍ਹਾਂ ਨੂੰ ਢਾਹੁੰਦੇ ਹਾਂ, ਤਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਸ਼ੈਤਾਨ ਚਿੜਚਿੜਾ ਹੋ ਜਾਂਦਾ ਹੈ। ਪਰ ਅਸੀਂ ਨਿਰਾਸ਼ ਨਹੀਂ ਹੁੰਦੇ। ਅਸੀਂ ਪਹਿਲੇ ਰਸੂਲਾਂ ਅਤੇ ਸਾਡੇ ਪੂਰਵਜਾਂ ਦੁਆਰਾ ਦਿੱਤੇ ਗਏ ਸਿਧਾਂਤਾਂ ਦਾ ਪ੍ਰਚਾਰ ਕਰਦੇ ਹਾਂ ਅਤੇ ਬਿਨਾਂ ਕਿਸੇ ਸਮਝੌਤੇ ਦੇ ਸਿਖਾਉਂਦੇ ਹਾਂ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਸਾਡੇ ਲਈ ਪ੍ਰਾਰਥਨਾ ਕਰੋ। ਕਿਸੇ ਵੀ ਤਰੀਕੇ ਨਾਲ ਸਾਡਾ ਸਮਰਥਨ ਕਰਨ ਲਈ ਅੱਗੇ ਆਉਣ ਲਈ ਤੁਹਾਡਾ ਸੁਆਗਤ ਹੈ। ਸਾਨੂੰ ਤੁਹਾਡੇ ਸਹਿਯੋਗ ਅਤੇ ਸੰਗਤ ਦੀ ਲੋੜ ਹੈ।

ਅਸੀਂ ਇਸ ਮਹੀਨੇ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਵੀ ਬਹੁਤ ਯਾਤਰਾ ਕਰਨ ਜਾ ਰਹੇ ਹਾਂ। ਕਿਰਪਾ ਕਰਕੇ ਸਾਨੂੰ ਆਪਣੀਆਂ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ। ਆਤਮਾਵਾਂ ਲਈ ਅਸਲ ਬੋਝ ਨਾਲ ਕੀਤੀ ਸੇਵਾ ਦਾ ਰਸਤਾ ਅਸਲ ਵਿੱਚ ਔਖਾ ਹੈ। ਪ੍ਰਮੇਸ਼ਵਰ ਦੇ ਬਹੁਤ ਸਾਰੇ ਸੇਵਕਾਂ ਦੇ ਪਰਿਵਾਰਕ ਮੈਂਬਰ ਕਈ ਤਰੀਕਿਆਂ ਨਾਲ ਬਿਮਾਰ ਹਨ। ਸਾਨੂੰ ਤੁਹਾਡੀਆਂ ਪ੍ਰਾਰਥਨਾਵਾਂ ਅਤੇ ਪਿਆਰ ਨਾਲ ਦਿਲਾਸਾ ਮਿਲਦਾ ਹੈ।

ਅਸੀਂ ਤੁਹਾਡੇ ਪੱਤਰਾਂ ਅਤੇ ਸੁਝਾਵਾਂ ਦੀ ਉਮੀਦ ਕਰਦੇ ਹਾਂ। ਅਸੀਂ ਵੀ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ। ਇਸ ਤੋਂ ਇਲਾਵਾ, ਅਸੀਂ ਪ੍ਰਮੇਸ਼ਵਰ ਅੱਗੇ ਤੁਹਾਡੀਆਂ ਸਾਰੀਆਂ ਪ੍ਰਾਰਥਨਾ ਬੇਨਤੀਆਂ ਨੂੰ ਗੰਭੀਰਤਾ ਨਾਲ ਲੈ ਕੇ ਜਾਂਦੇ ਹਾਂ ਅਤੇ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਾਂ। ਅਸੀਂ ਪ੍ਰਭੂ ਦੇ ਪਿਆਰ ਨਾਲ ਤੁਹਾਨੂੰ ਪਿਆਰ ਕਰਦੇ ਹਾਂ। ਪ੍ਰਭੂ ਉਨ੍ਹਾਂ ਸਾਰੇ ਪਿਆਰੇ ਭੈਣਾਂ-ਭਰਾਵਾਂ ਨੂੰ ਬਰਕਤ ਦੇਵੇ ਜੋ ਨਿਯਮਿਤ ਤੌਰ 'ਤੇ ਆਪਣੀਆਂ ਭੇਟਾਂ ਨਾਲ ਸਾਡੀ ਸਹਾਇਤਾ ਕਰਦੇ ਹਨ! ਆਮੀਨ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।
(+91) 98412 71858 / 98410 71858,
E.mail : samselvaraj333@gmail.com

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Sis. Serena Bevin, M.A., M.Phil., B.Ed.
Dr. A. Richard Samuel, M.A., Ph.D.
Rev. Dr. K.R. Rajasekaran

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**CORE LEADERS**
Bro. K. Puratchivendan
Bro. A. Edward Durai
Bro. A. Alvin
Bro. K. Abraham
Sis. Dhanalakshmi Chinnaiah

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call

ਪਿਛਲੇ ਕੁੱਝ ਦਿਨਾਂ ਵਿੱਚ ਮੈਨੂੰ ਕਈ ਘੱਟ ਪੜ੍ਹੇ, ਪ੍ਰਮੇਸ਼ਵਰ ਦਾ ਭੈਅ ਮੰਨਣ ਵਾਲੇ ਅਰ ਜਾਤਾਂ ਅਰ ਰਾਸ਼ਟਰਾਂ ਦੇ ਲੋਕਾਂ ਨੂੰ ਮਿਲਣ ਦਾ ਬਿਨਾਂ ਪ੍ਰਮੇਸ਼ਵਰ ਦੇ ਲੋਕਾਂ, ਵਿਦਿਆਰਥੀਆਂ, ਮੋਕਾ ਮਿਲਿਆ। ਉਹਨਾਂ ਵਿੱਚ ਮੈਂ ਗਿਆਨੀਆਂ, ਸੈਲਾਨੀਆਂ, ਤੀਰਥ ਯਾਤਰੀਆਂ, ਵਪਾਰੀਆਂ, ਮਸ਼ਹੂਰ ਡਾਕਟਰਾਂ, ਰਾਜਨੀਤਕ ਤਾਕਤ ਦੇ ਲੋਕਾਂ, ਕਲਾਕਾਰਾਂ, ਲੇਖਕਾਂ, ਲੋਕ ਜੋ ਆਪਣੇ ਆਪ ਨੂੰ ਅਫ਼ਸਰਾਂ, ਸਨਅਤਕਾਰੀਆਂ, ਅਮੀਰ ਲੋਕਾਂ, ਵਿਸ਼ਵਾਸੀ ਕਹਿੰਦੇ ਹਨ ਅਰ ਪ੍ਰਮੇਸ਼ਵਰ ਦੇ ਦਾਸਾਂ ਸਲਾਹਕਾਰਾਂ, ਸਧਾਰਨ ਅਰ ਮੱਧ ਵਰਗੀ ਲੋਕਾਂ, ਨੂੰ ਮਿਲਿਆ। ਮੈਂ ਵੇਖ ਸਕਿਆ ਕਿ ਕਿਵੇਂ ਕਈ

ਤਰ੍ਹਾਂ ਦੀਆਂ ਪਰੇਸ਼ਾਨੀਆਂ ਅਰ ਸੰਘਰਸ਼ਾਂ ਨੇਂ ਉਹਨਾ ਨੂੰ ਅਲੱਗ ਅਲੱਗ ਤਰੀਕਿਆਂ ਨਾਲ ਸਤਾਇਆ। ਇਸੇ ਕਰਕੇ ਲੋਕ ਪ੍ਰਮੇਸ਼ਵਰ ਦੀ ਭਾਲ ਵਿੱਚ ਕਈ ਤੀਰਥ ਸਥਾਨਾਂ 'ਤੇ ਜਾਂਦੇ ਹਨ।

ਕੁੱਝ ਸ਼ਰਧਾਲੂ ਕਈ ਵਾਰ ਅਜਿਹੀਆਂ ਚੀਜਾਂ ਕਰਦੇ ਹਨ ਜਿਨ੍ਹਾਂ ਦਾ ਉਹਨਾਂ ਨੂੰ ਪਤਾ ਨਹੀਂ ਹੁੰਦਾ। ਕੁੱਝ ਤੀਰਥ ਸਥਾਨਾਂ ਤੇ ਜਾਣ ਦੀ ਤਿਆਰੀ ਵੱਜੋਂ ਕਈ ਦਿਨਾਂ ਤੱਕ ਤਪੱਸਿਆ ਕਰਦੇ ਹਨ; ਪਰੰਤੂ ਕਈ ਇਹਨਾਂ ਸਥਾਨਾਂ 'ਤੇ ਜਾਣ ਤੋਂ ਪਹਿਲਾਂ ਸਾਡੇ ਕੋਲ ਪ੍ਰਾਰਥਨਾ ਕਰਵਾਉਣ ਲਈ ਆਉਂਦੇ ਹਨ। ਮੈਂ ਨਾ ਹੀ ਇਸਦੀ ਨਿੰਦਾ ਕਰਦਾ ਹਾਂ ਅਰ ਨਾ ਹੀ ਮਜ਼ਾਕ ਉਡਾਉਂਦਾ ਹਾਂ। ਪਰ ਕੀ ਅਸੀਂ ਉਹਨਾਂ ਵਿੱਚ ਇੱਕ ਲੋੜ ਅਰ ਖਾਲੀਪਨ ਨੂੰ ਨਹੀਂ ਵੇਖਦੇ? ਬਹੁਤੇ ਲੋਕਾਂ ਲਈ ਇਹ ਉਹਨਾਂ ਦੀ ਪਰੰਪਰਾ ਅਰ ਸੱਭਿਆਚਾਰ ਹੈ ਜਿਹੜਾ ਅਸਲ ਛੁਟਕਾਰਾ ਪਾਉਣ ਵਿੱਚ ਇੱਕ ਰੁਕਾਵਟ ਵਾਂਗ ਖੜ੍ਹਾ ਹੈ।

ਇਸ ਸੰਸਾਰ ਵਿੱਚ, ਜਿਹੜਾ ਕਿ ਮੁਸ਼ਕਲਾਂ ਅਰ ਅਸ਼ਾਂਤੀ ਨਾਲ ਭਰਿਆ ਹੋਇਆ ਹੈ ਥੋੜੇ ਹੀ ਲੋਕ ਪ੍ਰਮੇਸ਼ਵਰ ਦੇ ਰਾਜ ਅਰ ਉਸਦੇ ਵਿਸਤਾਰ ਬਾਰੇ ਸੋਚਦੇ, ਆਪਣੇ ਆਪ ਨੂੰ ਸੰਸਾਰਕ ਲੋਕਾਂ ਦੀਆਂ ਆਦਤਾਂ ਅਰ ਪਰੰਪਰਾਵਾਂ ਤੋਂ ਅਲੱਗ ਰੱਖਦੇ ਅਰ ਸ਼ਾਂਤੀ ਅਰ ਖੁਸ਼ੀ ਨਾਲ ਜੀਉਂਦੇ ਹੋਏ ਆਪਣੀ ਪਵਿੱਤਰਤਾ ਕਾਇਮ ਰੱਖਦੇ ਹਨ। ਇਸਦਾ ਕੀ ਕਾਰਨ ਹੈ? ਇਹ ਸਾਡੇ ਪ੍ਰਭੂ ਯਿਸੂ ਮਸੀਹ ਦੀ ਪੁਨਰ ਉੱਥਾਨ ਦੀ ਸਮਰੱਥ ਹੈ ਜੋ ਕਿ ਆਮ ਲੋਕਾਂ ਦੇ ਜੀਵਨਾਂ ਵਿੱਚ ਵੀ ਕੰਮ ਕਰਦੀ ਹੈ। ਸਾਡੇ ਵਿੱਚੋਂ ਹਰੇਕ ਕੋਲ ਇਹ ਅਨੁਭਵ ਹੋਣਾ ਚਾਹੀਦਾ ਹੈ।


ਜਦੋਂ ਯਿਸੂ ਮਸੀਹ ਦੇ ਪੁਨਰ ਉੱਥਾਨ ਦੀ ਸਮਰੱਥ ਕਿਸੇ ਦੇ ਜੀਵਨ ਵਿੱਚ ਆਉਂਦੀ ਹੈ ਤਾਂ ਭਾਵੇਂ ਉਹ ਇੱਕ ਨਿਕੰਮਾ ਵਿਅਕਤੀ ਵੀ ਹੋਵੇ ਉਹ ਇੱਕ ਬਹੁਤ ਕੰਮ ਦਾ ਵਿਅਕਤੀ ਬਣ ਜਾਂਦਾ ਹੈ। ਨਾਲ ਹੀ ਜਦੋਂ ਇਹ ਸਮਰੱਥ ਇਕ ਲੰਬੇ ਸਮੇਂ ਦੇ ਬਿਮਾਰ ਵਿਅਕਤੀ ਦੇ ਜੀਵਨ ਵਿੱਚ ਦਾਖ਼ਲ ਹੁੰਦੀ ਹੈ ਤਾਂ ਉਸਦੀ ਬਿਮਾਰੀ ਉਸਨੂੰ ਛੱਡ ਕੇ ਦੌੜ ਜਾਂਦੀ ਹੈ! ਯਿਸੂ ਨੇ ਆਖਿਆ, ...ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਵੀ ਜਾਏ ਤਾਂ ਵੀ ਜੀਵੇਗਾ" (ਯੂਹੰਨਾ 11:25)। ਜੇਕਰ ਕਿਸੇ ਵਿਅਕਤੀ ਦਾ ਕੋਈ ਅੰਗ ਕੰਮ ਨਾ ਕਰਦਾ ਹੋਵੇ, ਅਰ ਜੇਕਰ ਉਹ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਵਿਅਕਤੀਗਤ ਮੁਕਤੀਦਾਤਾ ਗ੍ਰਹਿਣ ਕਰਦਾ ਅਰ ਨਿਹਚਾ ਕਰਦਾ ਹੈ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ ਅਰ ਪਛਚਾਤਾਪ ਕਰਦਾ ਹੈ ਤਾਂ ਉਹ ਪ੍ਰਭੂ ਦੀ ਅਲੌਕਿਕ ਚੰਗਾਈ ਹਾਸਲ ਕਰੇਗਾ ਅਰ ਇੱਕ ਆਮ ਵਿਅਕਤੀ ਵਾਂਗ ਜੀਅ ਸਕੇਗਾ।

## ਲਾਜ਼ਰ ਅਰ ਯਿਸੂ ਮਸੀਹ

ਲਾਜ਼ਰ, ਯਿਸੂ ਮਸੀਹ ਦਾ ਇੱਕ ਮਿੱਤਰ ਮਰ ਗਿਆ। ਪਰੰਤੂ ਪ੍ਰਭੂ ਯਿਸੂ ਮਸੀਹ ਨੇ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦਿੱਤਾ। ਫਿਰ ਵੀ, ਬੁਢਾਪੇ ਕਰਕੇ ਬਾਦ ਵਿੱਚ ਉਸਨੇ ਮਰਨਾ ਹੀ ਸੀ। ਪਰੰਤੂ ਪ੍ਰਭੂ ਯਿਸੂ ਮਸੀਹ ਜੋ ਸਲੀਬ ਉੱਪਰ ਮਰੇ, ਤੀਸਰੇ ਦਿਨ ਮੁਰਦਿਆਂ ਵਿੱਚੋਂ ਜੀਅ ਉੱਠੇ ਅਰ ਦੁਬਾਰਾ ਨਹੀਂ ਮਰੇ! ਲੋਕ ਜਿਹੜੇ ਦਾਅਵਾ ਕਰਦੇ ਸਨ ਕਿ ਉਹ ਪ੍ਰਮੇਸ਼ਵਰ ਦਾ ਅਵਤਾਰ ਹਨ, ਮਰ ਗਏ। ਕਬਰਾਂ, ਜਿਨ੍ਹਾਂ ਵਿੱਚ ਉਹਨਾਂ ਦੇ ਸਰੀਰ ਦਫ਼ਨਾਏ ਗਏ ਸਦਾ ਬੰਦ ਰਹਿੰਦੀਆਂ ਹਨ। ਪਰੰਤੂ ਸਿਰਫ਼ ਪ੍ਰਭੂ ਯਿਸੂ ਮਸੀਹ ਦੀ ਕਬਰ ਹਾਲੇ ਵੀ ਖੁੱਲੀ ਹੈ। ਇਹ ਇਤਿਹਾਸਕ ਤੌਰ 'ਤੇ ਪ੍ਰਮਾਣਿਤ ਹੈ।

ਰੋਮੀ ਅਧਿਕਾਰੀਆਂ ਅਰ ਹੈਕਲ ਦੇ ਅਧਿਕਾਰੀਆਂ ਨੇ ਯਿਸੂ ਦੀ ਕਬਰ ਦੀ ਪੂਰੀ ਰਾਖੀ ਕੀਤੀ। ਬਾਈਬਲ ਆਖਦੀ ਹੈ: "ਸੋ ਉਹ ਗਏ ਅਰ ਪਹਿਰੇ ਵਾਲਿਆਂ ਨਾਲ ਪੱਥਰ ਉੱਤੇ ਮੋਹਰ ਲਾ ਕੇ ਉਹਨਾਂ ਨੇ ਕਬਰ ਦੀ ਰਾਖੀ ਕਰਵਾਈ" (ਮੱਤੀ 27:66)। ਪਰੰਤੂ ਪ੍ਰਭੂ ਯਿਸੂ ਮਸੀਹ ਤੀਸਰੇ ਦਿਨ ਮੁਰਦਿਆਂ ਵਿੱਚੋਂ ਜੀਅ ਉੱਠੇ (ਮੱਤੀ 28:1-8)।

ਮਰਿਯਮ ਮਗਦਲੀਨੀ ਅਤੇ ਦੂਈ ਮਰਿਯਮ ਸਬਤ ਤੋਂ ਬਾਅਦ, ਹਫ਼ਤੇ ਦੇ ਪਹਿਲੇ ਦਿਨ ਕਬਰ ਨੂੰ ਵੇਖਣ ਆਈਆਂ। ਭਾਵੇਂ ਪ੍ਰਭੂ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਪਹਿਲਾਂ ਹੀ ਕਿਹਾ ਸੀ ਕਿ ਉਸ ਤੀਸਰੇ ਦਿਨ ਮੁਰਦਿਆਂ ਵਿੱਚੋਂ ਜੀਅ ਉੱਠਣਗੇ, ਪਰ ਉਹ ਜਿਹੜੇ ਉਸ ਨਾਲ 3.5 ਸਾਲ ਰਹੇ ਅਰ ਸੇਵਕਾਈ ਕੀਤੀ ਆਪਣੇ ਘਰਾਂ ਵਿੱਚ ਸਨ। ਉਹ ਪ੍ਰਭੂ ਨੂੰ ਆਪਣਾ ਸੱਚਾ ਪਿਆਰ ਵਿਖਾਉਣ ਵਿੱਚ ਅਸਫ਼ਲ ਰਹੇ।ਇਸ ਗੱਲ ਨੇ ਬਾਅਦ ਵਿੱਚ ਉਹਨਾਂ ਨੂੰ ਦੁਖੀ ਅਰ ਉਦਾਸ ਕੀਤਾ। ਪਰੰਤੂ ਯਿਸੂ ਨੇ ਉਹਨਾਂ ਦੀ ਗਲਤੀ ਨੂੰ ਮਨ ਵਿੱਚ ਨਾ ਲਿਆਂਦਾ। ਪਰੰਤੂ ਉਹ ਉਹਨਾਂ ਉੱਪਰ ਜ਼ਾਹਰ




**Statement about ownership and other particulars about the Newspaper Echo of His Call (Punjabi) - Form IV (See Rule 8)**

| | | |
|---|---|---|
| 1. Place of Publication | : | **New No. 8 & 10, Old No. 18 & 19, Mohammed Abdullah 2nd Street, Chepauk, Chennai - 600 005.** |
| 2. Periodicity | : | **Monthly** |
| 3. Printer, Editor, Owner & Publisher | : | **S. Sam Selva Raj** (Same Address) |
| 4. Nationality | : | **Indian** |

I, **S. Sam Selva Raj** hereby declare that the particulars given above are true to the best of my knowledge and belief.

**March 2023** **S. Sam Selva Raj.**

ਹੋਇਆ, ਉਹਨਾਂ ਨੂੰ ਦਿਲਾਸਾ ਦਿੱਤਾ, ਉਹਨਾਂ ਨੂੰ ਤਾਕਤਵਰ ਚੇਲਿਆਂ ਵਿੱਚ ਬਦਲ ਦਿੱਤਾ ਅਰ ਉਹਨਾਂ ਦੀ ਉਦਾਸੀ ਨੂੰ ਅਨੰਦ ਵਿੱਚ ਬਦਲ ਦਿੱਤਾ।

ਪਿਆਰੇ ਮਿੱਤਰ, ਕੀ ਤੁਹਾਡੇ ਛੋਟੇ ਜਿਹੇ ਸ਼ੱਕ, ਇੱਛਾ ਅਰ ਸਰੀਰ ਦੀ ਕਾਮਨਾ ਨੇ ਤੁਹਾਨੂੰ ਪ੍ਰਭੂ ਦੇ ਪਿਆਰ ਤੋਂ ਦੂਰ ਕਰ ਦਿੱਤਾ ਹੈ? ਹਾਲਾਂਕਿ ਤੁਸੀਂ ਪ੍ਰਭੂ ਦੇ ਪਿਆਰ ਨੂੰ ਅਲੱਗ ਅਲੱਗ ਸਮਿਆਂ ਉੱਪਰ ਭਿੰਨ ਭਿੰਨ ਤਰੀਕਿਆਂ ਨਾਲ ਚੱਖਿਆ ਹੈ। ਨਿਰਾਸ਼ ਨਾ ਹੋਵੋ, ਆਪਣੀਆਂ ਗਲਤੀਆਂ ਨੂੰ ਮੰਨੋਂ ਅਰ ਦੁਬਾਰਾ ਯਿਸੂ ਕੋਲ ਆ ਜਾਓ। ਤੁਹਾਡੀ ਉਦਾਸੀ ਅਨੰਦ ਵਿੱਚ ਬਦਲ ਜਾਵੇਗੀ!

## ਪ੍ਰਮੇਸ਼ਵਰ ਦੀ ਸੰਤਾਨ ਲਈ ਸਾਵਧਾਨੀ

ਮੈਂ ਦੋ ਨਿਰਦੇਸ਼ ਤੁਹਾਨੂੰ ਦੱਸਦਾ ਹਾਂ ਜਿਹੜੇ ਮੇਰੇ ਸਵਰਗੀ ਪਾਸਟਰ ਜੀ. ਸੁੰਦਰਾਮ ਨੇ ਕਲੀਸੀਆ ਨੂੰ ਦਿੱਤੇ, ਕਿ ਕਿਵੇਂ ਕੋਈ ਪ੍ਰਭੂ ਨਾਲ ਸੰਗਤੀ ਦੀ ਚੌਕਸੀ ਕਰਦੇ ਹੋਏ ਉਸਦੇ ਅਨੰਦ ਨੂੰ ਹਾਸਲ ਕਰ ਸਕਦਾ ਹੈ।

ਪ੍ਰਮੇਸ਼ਵਰ ਦਾ ਕੋਈ ਵੀ ਦਾਸ ਜਾਂ ਸੁਸਮਾਚਾਰਕ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਜਾ ਕੇ ਪ੍ਰਭੂ ਦੀ ਸੇਵਕਾਈ ਕਰ ਸਕਦਾ ਹੈ। ਪਰੰਤੂ ਉਹਨਾਂ ਨੂੰ ਆਪਣੀ ਕਮਰ ਦੁਆਲੇ ਇੱਕ ਰੱਸੀ ਬੰਨ੍ਹ ਕੇ ਰੱਖਣੀ ਹੈ ਜਿਸਦਾ ਇੱਕ ਸਿਰਾ ਉਸ ਕਲੀਸੀਆ ਨਾਲ ਬੱਝਾ ਹੋਵੇ ਜਿਹੜੀ ਪ੍ਰਭੂ ਨੇ ਉਹਨਾਂ ਨੂੰ ਦਿੱਤੀ ਹੈ। ਜੇਕਰ ਤੁਹਾਡੇ ਕੋਲ ਐਤਵਾਰ ਨੂੰ ਸੇਵਕਾਈ ਦਾ ਕੰਮ ਨਹੀਂ ਹੈ, ਤਾਂ ਤੁਸੀਂ ਜਰੂਰ ਆਪਣੇ ਚਰਚ ਵਿੱਚ ਜਾਓ, ਹੋਰਾਂ ਨਾਲ ਮਿਲ ਕੇ ਪ੍ਰਮੇਸ਼ਵਰ ਦੀ ਅਰਾਧਨਾ ਕਰੋ, ਪ੍ਰਮੇਸ਼ਵਰ ਦੇ ਵਚਨ ਨੂੰ ਧੀਰਜ ਨਾਲ ਗ੍ਰਹਿਣ ਕਰੋ ਅਰ ਮੰਨੋ।

ਦੂਸਰਾ, ਸਾਡੇ ਵਿੱਚੋਂ ਹਰੇਕ ਨੂੰ ਉਸਦੀ ਦਯਾ ਦੁਆਰਾ ਪਾਪੀ ਸੋਚ, ਪਾਪੀ ਆਦਤਾਂ ਅਰ ਗਲਤ ਸੰਬੰਧਾਂ ਤੋਂ ਛੁਟਕਾਰਾ ਮਿਲਿਆ ਹੈ। ਪਰੰਤੂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਕਿਤੇ ਅਸੀਂ ਉਸ ਪਾਪ ਵਿੱਚ ਦੁਬਾਰਾ ਨਾ ਚਲੇ ਜਾਈਏ ਜਿਸ ਵਿੱਚੋਂ ਅਸੀਂ ਛੁੱਟੇ ਹਾਂ। ਸੰਭਾਵਨਾ ਹੈ ਕਿ ਉਹ ਦੁਬਾਰਾ ਸਾਡੇ ਉੱਪਰ ਹਮਲਾ ਕਰ ਸਕਦੇ ਹਨ। ਸਾਵਧਾਨ ਰਹੋ!

ਉਦਾਹਰਨ ਵੱਜੋਂ, ਜੇਕਰ ਤੁਸੀਂ ਸਾਡੇ ਪ੍ਰਭੂ ਯਿਸੂ ਦੀ ਦਯਾ ਦੁਆਰਾ ਨਸ਼ਾਖੋਰੀ ਤੋਂ ਮੁਕਤੀ ਪਾਈ ਹੈ ਤਾਂ ਤੁਹਾਨੂੰ ਚੌਕਸੀ ਨਾਲ ਆਪਣੇ ਛੁਟਕਾਰੇ ਦੀ ਰਾਖੀ ਕਰਨੀ ਹੈ। ਤੁਹਾਨੂੰ ਉਸ ਜਗ੍ਹਾ ਨੇੜੇ ਨਹੀਂ ਜਾਣਾ ਚਾਹੀਦਾ ਅਰ ਨਾ ਹੀ ਆਪਣੇ ਪੈਸਿਆਂ ਦੇ ਛੁੱਟੇ ਉੱਥੋਂ ਮੰਗਣੇ ਚਾਹੀਦੇ ਹਨ। ਨਾਲ ਹੀ, ਤੁਹਾਨੂੰ ਆਪਣੇ ਪੁਰਾਣੇ ਬੁਰੇ ਮਿੱਤਰਾਂ ਤੋਂ ਪੂਰੀ ਤਰ੍ਹਾਂ ਅਜ਼ਾਦੀ ਹਾਸਲ ਕਰਨੀ ਪਵੇਗੀ ਅਰ ਇਸ ਤਰ੍ਹਾਂ ਦੇ ਰਿਸ਼ਤੇ ਦੁਬਾਰਾ ਨਹੀਂ ਰੱਖਣੇ ਚਾਹੀਦੇ। ਜੇਕਰ ਤੁਸੀਂ ਆਪਣੇ ਇਰਾਦੇ ਵਿੱਚ ਪੱਕੇ ਹੋ ਤਾਂ ਤੁਸੀਂ ਜਿੱਤ ਅਰ ਪੂਰਾ ਅਨੰਦ ਹਾਸਲ ਕਰੋਗੇ।

## ਮਰਿਯਮ ਮਗਦਲੀਨੀ ਅਤੇ ਦੂਈ ਮਰਿਯਮ



ਰਿਯਮ ਮਗਦਲੀਨੀ ਜਿਹੜੀ ਕਿ ਸੱਤ ਦੁਸ਼ਟ ਆਤਮਿਆਂ ਤੋਂ ਗ੍ਰਸਤ ਸੀ ਯਿਸੂ ਮਸੀਹ ਦੁਆਰਾ ਅਜ਼ਾਦ ਕੀਤੀ ਗਈ। ਉਹ ਦੂਈ ਮਰਿਯਮ ਦੇ ਨਾਲ ਯਿਸੂ ਦੀ ਕਬਰ 'ਤੇ ਜਿੱਥੇ ਯਿਸੂ ਦੀ ਦੇਹ ਦਫ਼ਨਾਈ ਗਈ ਸੀ ਗਈ। ਉੱਥੇ ਇੱਕ ਵੱਡਾ ਭੁਚਾਲ ਆਇਆ ਇਸ ਲਈ ਜੋ ਪ੍ਰਭੂ ਦਾ ਦੂਤ ਅਕਾਸ਼ੋਂ ਉੱਤਰਿਆ ਅਰ ਨੇੜੇ ਆਣ ਕੇ ਉਸ ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ ਅਰ ਉਸ ਉੱਤੇ ਬਹਿ ਗਿਆ (ਮੱਤੀ 28:2)।



ਪਿਆਰੇ ਭਾਈ, ਭੈਣ; ਤੁਹਾਡੇ ਜੀਵਨ ਵਿੱਚ ਕੋਈ ਪੱਥਰ-ਰੁਕਾਵਟ ਹੋ ਸਕਦਾ ਹੈ ਜਿਹੜਾ ਕਿ ਰੇੜ੍ਹ ਕੇ ਲਾਂਭੇ ਨਹੀਂ ਕੀਤਾ ਗਿਆ। ਕਈ ਵਾਰ ਇਹ ਤੁਹਾਡੇ ਕੋਲੋਂ ਜਾਂ ਕਿਸੇ ਤਾਕਤਵਰ ਜਾਂ ਅਮੀਰ ਕੋਲੋਂ ਲਾਂਭੇ ਨਹੀਂ ਹੁੰਦਾ। ਪਰੰਤੂ ਨਾ ਡਰੋ, ਪ੍ਰਮੇਸ਼ਵਰ ਉੱਥੇ ਰਾਹ ਕੱਢੇਗਾ ਜਿੱਥੇ ਕੋਈ ਰਾਹ ਨਹੀਂ ਹੁੰਦਾ। ਸ਼ਾਇਦ ਇਹ ਬਹੁਤੀ ਦੂਰ ਵੀ ਨਹੀਂ। ਪ੍ਰਮੇਸ਼ਵਰ ਆਪਣੇ ਦੂਤਾਂ ਨੂੰ ਤੁਹਾਡੀ ਰਾਖੀ ਲਈ ਭੇਜੇਗਾ। ਸਵਰਗਦੂਤ ਤੁਹਾਡੇ ਲਈ ਕਾਰਜਸ਼ੀਲ ਹਨ। ਉਹ ਉਹਨਾਂ ਪੱਥਰਾਂ ਨੂੰ ਰੇੜ੍ਹ ਕੇ ਲਾਂਭੇ ਕਰ ਦੇਣਗੇ ਜਿਹੜੇ ਤੁਹਾਡੀਆਂ ਬਰਕਤਾਂ ਨੂੰ ਰੋਕ ਰਹੇ ਹਨ, ਤੁਹਾਨੂੰ ਪ੍ਰਭੂ ਦੀਆਂ ਬਰਕਤਾਂ ਦਾ ਅਨੰਦ ਮਾਨਣ ਦੇਣਗੇ ਅਰ ਖੁਦ ਪੱਥਰਾਂ ਉੱਤੇ ਬਹਿ ਜਾਣਗੇ। ਤੁਸੀਂ ਪ੍ਰਮੇਸ਼ਵਰ ਦੀਆਂ ਬਰਕਤ ਦੀ ਦਹਿਲੀਜ਼ 'ਤੇ ਹੋ। ਮਜ਼ਬੂਤੀ ਨਾਲ ਖੜ੍ਹੇ ਰਹੋ। ਤੁਹਾਡੀ ਉਦਾਸੀ ਬਹੁਤ ਜਲਦ ਅਨੰਦ ਵਿੱਚ ਬਦਲ ਜਾਵੇਗੀ।

(ਚਲਦਾ ਸਫਾ 6 ਤੇ)

नहेम्याह बाइबल कॉलेज
रेसिडेन्शल कॉलेज, चेन्नई।

माध्यमः हिन्दी

सदस्यता के लिए पंजीकृत उम्मीदवार - ATA

सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान

सर्टिफिकेट इन थियोलॉजी – 1 साल
डिप्लोमा ऑफ थियोलॉजी – 2 साल

योग्यता 10 वी या अधिक जल्दी करें!

Contact : The Chairman, Nehemiah Bible College.

10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

★ ऑनलाइन कक्षाएं उपलब्ध हैं ★

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)

### 19 ਮਾਰਚ 2023 ਤੋਂ 18 ਅਪ੍ਰੈਲ 2023 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਮਾਰਚ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ, ਨਹਮਯਾਹ ਬਾਈਬਲ ਕਾਲਜ ਅਤੇ ਥੀਓਲਾਜੀਕਲ ਕੋਰਸਪੌਂਡੈਂਸ ਕੋਰਸ ਦੀਆਂ ਸਾਰੀਆਂ ਗਤੀਵਿਧੀਆਂ ਲਈ।

20 ਮਾਰਚ: 16.01.2023 ਨੂੰ ਹੋਈ ਸਾਡੀ ਚਰਚ ਦੇ ਵਰਕਰਾਂ ਦੀ ਮੀਟਿੰਗ ਨੂੰ ਅਸੀਸ ਦੇਣ ਲਈ।

21 ਮਾਰਚ: ਬੁਲਾਵੇ ਦੀ ਗੂੰਜ ਯੂਟਿਊਬ ਚੈਨਲ ਲਈ ਨਵੇਂ ਸਬਸਕ੍ਰਾਈਬਰਾਂ ਦੀ ਬਰਕਤ ਲਈ।

22 ਮਾਰਚ: ਸਾਡੇ ਵਰਕਰਾਂ ਦੇ ਪਰਿਵਾਰਾਂ 'ਤੇ ਪ੍ਰਮੇਸ਼ਵਰ ਦੀਆਂ ਅਸੀਸਾਂ ਦੀ ਵਰਖਾ ਹੋਣ ਲਈ।

23 ਮਾਰਚ: ਸਾਰੇ ਚਰਚਾਂ ਦੇ ਨੌਜਵਾਨਾਂ ਅਤੇ ਬੱਚਿਆਂ ਵਿੱਚ ਪੁਨਰ-ਬੇਦਾਰੀ ਲਈ।

24 ਮਾਰਚ: ਮਿਸ਼ਨਰੀ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਜੋ ਦੂਰ-ਦੁਰਾਡੇ ਇਲਾਕਿਆਂ ਵਿਚ ਪਰਮੇਸ਼ੁਰ ਦੇ ਕੰਮ ਵਿਚ ਲੱਗੇ ਹੋਏ ਹਨ।

25 ਮਾਰਚ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਦੇ ਭਾਰਤ ਅਤੇ ਵਿਦੇਸ਼ਾਂ ਵਿੱਚ ਵੱਖ-ਵੱਖ ਸਥਾਨਾਂ ਦੇ ਸਫਲ ਦੌਰਿਆਂ ਲਈ।

26 ਮਾਰਚ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ ਅਰ ਮਹਾਂ ਆਦੇਸ਼ ਸਹਿਭਾਗੀਆਂ ਲਈ ਧੰਨਵਾਦ।

27 ਮਾਰਚ: 1969 ਤੋਂ ਮੈਗਜ਼ੀਨ ਮੰਤਰਾਲੇ ਪ੍ਰਤੀ ਸਾਡੀ ਵਚਨਬੱਧਤਾ ਨੂੰ ਬਰਕਤ ਦੇਣ ਲਈ।

28 ਮਾਰਚ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਅਤੇ ਕੁਸ਼ਲ ਕਰਮਚਾਰੀਆਂ ਦੇ ਨਾਲ ਇਸਦੇ ਨਿਰੰਤਰ ਸੰਚਾਲਨ ਲਈ।

29 ਮਾਰਚ: ਬੁਲਾਵੇ ਦੀ ਗੂੰਜ ਦੇ ਐਸੋਸੀਏਟ ਸੰਪਾਦਕਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ।

30 ਮਾਰਚ: ਸਾਨੂੰ ਮਿਸ਼ਨਰੀਆਂ ਨੂੰ ਵਿੱਤੀ ਅਤੇ ਪ੍ਰਾਰਥਨਾ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਬਣਾਉਣ ਲਈ।

31 ਮਾਰਚ: ਦੁਨੀਆਂ ਭਰ ਵਿੱਚ ਬਾਈਬਲਾਂ ਅਤੇ ਮਸੀਹੀ ਸਾਹਿਤਾਂ ਦੀ ਛਪਾਈ ਵਿੱਚ ਸ਼ਾਮਲ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ।

01 ਅਪ੍ਰੈਲ: ਸਾਨੂੰ ਉਹਨਾਂ ਸਾਥੀਆਂ ਦੀ ਬਰਕਤ ਦੇਣ ਲਈ ਜੋ ਉਹਨਾਂ ਦੀਆਂ ਨਿੱਜੀ ਲੋੜਾਂ ਦੇ ਵਿਚਕਾਰ ਵੀ ਸਾਡੀਆਂ ਸੇਵਕਾਈਆਂ ਦੀ ਵਿੱਤੀ ਸਹਾਇਤਾ ਕਰਦੇ ਹਨ।

02 ਅਪ੍ਰੈਲ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਅਲੌਕਿਕ ਸੁਰੱਖਿਆ ਅਤੇ ਚੰਗੀ ਸਿਹਤ ਦੇਣ ਲਈ।

03 ਅਪ੍ਰੈਲ: ਮਿਸ਼ਨਰੀਆਂ ਦੁਆਰਾ ਮਜਬੂਤ ਈਸਾਈ ਸਿਧਾਂਤਾਂ 'ਤੇ ਅਧਾਰਤ ਸਕੂਲ ਖੋਲ ਕੇ ਸੰਸਾਰ ਨੂੰ ਅਸੀਸ ਦੇਣ ਲਈ।

## ਪ੍ਰਾਰਥਨਾ ਦੇ ਮੁੱਦੇ

04 ਅਪ੍ਰੈਲ: ਦੁਨੀਆ ਭਰ ਦੇ ਚਰਚਾਂ ਦੀ ਬੇਦਾਰੀ ਲਈ।

05 ਅਪ੍ਰੈਲ: ਅਚਾਨਕ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਸੁਰੱਖਿਆ ਲਈ।

06 ਅਪ੍ਰੈਲ: ਬੁਲਾਵੇ ਦੀ ਗੂੰਜ ਦੇ ਵਿਸ਼ਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ।

07 ਅਪ੍ਰੈਲ: ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਵਿੱਚ ਗੁੱਡ ਫਰਾਈਡੇ ਅਤੇ ਈਸਟਰ ਸਭਾਵਾਂ ਲਈ।

08 ਅਪ੍ਰੈਲ: ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਦੇ ਵਿਦਿਆਰਥੀਆਂ ਦੇ ਅਨੁਸ਼ਾਸਿਤ ਅਤੇ ਸਮਰਪਿਤ ਹੋਣ ਲਈ।

09 ਅਪ੍ਰੈਲ: ਨਸ਼ੀਲੇ ਪਦਾਰਥਾਂ ਦੀ ਲਤ ਤੋਂ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਲਈ।

10 ਅਪ੍ਰੈਲ: ਦੁਨੀਆ ਭਰ ਵਿੱਚ ਵਧਦੀਆਂ ਬੁਰੀਆਂ ਆਦਤਾਂ ਤੋਂ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਲਈ।

11 ਅਪ੍ਰੈਲ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਦੇ 10ਵੀਂ ਜਮਾਤ ਦੇ ਵਿਦਿਆਰਥੀ ਲਈ, ਜੋ ਆਪਣੀਆਂ ਬੋਰਡ ਦੀਆਂ ਪ੍ਰੀਖਿਆਵਾਂ ਦੇ ਰਹੇ ਹਨ।

12 ਅਪ੍ਰੈਲ: ਦੁਨੀਆ ਭਰ ਵਿੱਚੋਂ ਬਾਲ ਤਸਕਰੀ ਦੇ ਖਾਤਮੇ ਲਈ।

13 ਅਪ੍ਰੈਲ: ਅਕਾਦਮਿਕ ਸਾਲ 2023-24 ਲਈ ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਵਿੱਚ ਨਵੇਂ ਵਿਦਿਆਰਥੀਆਂ ਦੇ ਦਾਖਲੇ ਲਈ।

14 ਅਪ੍ਰੈਲ: ਨਹਮਯਾਹ ਬਾਈਬਲ ਕਾਲਜ ਦੀ 03 ਜੂਨ, 2023 ਨੂੰ ਆਯੋਜਿਤ ਕੀਤੀ ਜਾਣ ਵਾਲੀ ਗ੍ਰੈਜੂਏਸ਼ਨ ਸਭਾ ਲਈ।

15 ਅਪ੍ਰੈਲ: ਇਸ ਮਹੀਨੇ ਦੀਆਂ ਸਾਰੀਆਂ ਵਿੱਤੀ ਲੋੜਾਂ ਦੀ ਪੂਰਤੀ ਲਈ।

16 ਅਪ੍ਰੈਲ: ਅਕਾਦਮਿਕ ਸਾਲ 2023-24 ਲਈ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਲਈ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

17 ਅਪ੍ਰੈਲ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਨੂੰ ਉਨ੍ਹਾਂ ਦੀਆਂ ਬਹੁਪੱਖੀ ਸੇਵਕਾਈਆਂ ਲਈ ਨਵੇਂ ਦਰਸ਼ਨ ਮਿਲਣ ਲਈ।

18 ਅਪ੍ਰੈਲ: ਦੁਨੀਆ ਦੇ ਸਾਰੇ ਦੇਸ਼ਾਂ ਦੇ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ, ਮੁੱਖ ਮੰਤਰੀਆਂ ਅਤੇ ਸੰਸਦ ਮੈਂਬਰਾਂ ਲਈ।

(ਸਫਾ 4 ਤੋਂ ਚਲਦਾ-)

## ਸਾਡੇ ਗਲਤ ਸਿਧਾਂਤ

ਪ੍ਰਮੇਸ਼ਵਰ ਦੇ ਬੱਚਿਓ, ਆਨੰਦਤ ਹੋਵੋ! ਜੋ ਕੁੱਝ ਵੀ ਤੁਹਾਡੇ ਰਾਹਾਂ ਵਿੱਚ ਰੁਕਾਵਟਾਂ ਹਨ, ਸਾਡਾ ਪ੍ਰਭੂ ਯਿਸੂ ਮਸੀਹ ਇਨਾਂ ਤਾਕਤਵਰ ਹੈ ਕਿ ਉਹਨਾਂ ਨੂੰ ਹਟਾ ਸਕੇ। ਮਨੁੱਖ ਜਾਤੀ ਦੀ ਖੁਸ਼ੀ ਦੀ ਕੁੰਜੀ ਸੰਸਾਰ ਦੇ ਕਿਸੇ ਵੀ ਮਨੁੱਖ ਦੇ ਕੋਲ ਨਹੀਂ ਹੈ। ਓਹਿ ਕੁੰਜੀ ਕੇਵਲ ਪ੍ਰਭੂ ਯਿਸੂ ਮਸੀਹ ਦੇ ਕੋਲ ਹੈ। ਆਪਣੀਆਂ ਸਾਰੀਆਂ ਤਕਲੀਫ਼ਾਂ ਉਸ ਕੋਲ ਛੱਡ ਦਿਓ। ਜੇਕਰ ਅਸੀਂ ਉਸ ਕੋਲੋਂ ਦੂਰ ਚਲੇ ਜਾਈਏ ਤਾਂ ਇਹ ਬਹੁਤ ਭਿਆਨਕ ਦੁੱਖਾਂ ਅਰ ਤਕਲੀਫ਼ਾਂ ਨੂੰ ਲਿਆਵੇਗੀ। ਤੁਹਾਡੇ ਵਿੱਚੋਂ ਕੁੱਝ ਆਪਣੇ ਵਿਅਕਤੀਗਤ ਜੀਵਨ ਅਰ ਪ੍ਰਮੇਸ਼ਵਰ ਦੀ ਸੇਵਕਾਈ ਵਿੱਚ ਪਿਛਾਹਾਂ ਮੁੜ ਚੁੱਕੇ ਹਨ। ਇਹ ਇੱਕ ਭਿਆਨਕ ਗਲਤੀ ਹੈ। ਪ੍ਰਭੂ ਨੇ ਤੁਹਾਨੂੰ ਗਰੀਬੀ ਅਰ ਡੂੰਘੀ ਖਾਈ ਵਿੱਚੋਂ ਚੁੱਕ ਕੇ ਉੱਚੀਆਂ ਥਾਵ੍ਹਾਂ ਵਿੱਚ ਬਿਠਾਇਆ ਹੈ। ਤੁਸੀਂ ਕਿਵੇਂ ਉਸਦਾ ਇਨਕਾਰ ਕਰ ਸਕਦੇ ਹੋ? ਇਸ ਗਲਤੀ ਨੂੰ ਦੁਬਾਰਾ ਨਾ ਦੁਹਰਾਉਣ ਲਈ ਦ੍ਰਿੜ ਹੋ ਜਾਓ। ਪਛਚਾਤਾਪ ਕਰੋ! ਅਜਿਹਾ ਕਰਕੇ, ਸੱਚਮੁਚ ਹੀ ਤੁਹਾਡੀ ਉਦਾਸੀ ਅਨੰਦ ਵਿੱਚ ਬਦਲ ਜਾਵੇਗੀ।



## ਪ੍ਰਭੂ ਜਿਹੜਾ ਗੁਆਚੇ ਹੋਇਆਂ ਨੂੰ ਲੱਭਦਾ ਹੈ

ਪ੍ਰਭੂ ਯਿਸੂ ਮਸੀਹ ਮੁਰਦਿਆਂ ਵਿੱਚੋਂ ਤੀਜੇ ਦਿਨ ਜੀਅ ਉੱਠੇ। ਫਿਰ ਵੀ ਉਸਦੇ ਚੇਲੇ ਆਪਣੇ ਪੁਰਾਣੇ ਕਾਰੋਬਾਰ, ਮੱਛੀਆਂ ਫ਼ੜ੍ਹਨ ਵੱਲ



ਚਲੇ ਗਏ। ਇਹ ਦੁਵਿਧਾ ਵਾਲੀ ਗੱਲ ਹੈ। ਫਿਰ ਵੀ ਪ੍ਰਭੂ ਆਪਣਾ ਪਿਆਰ ਵਿਖਾਉਂਦੇ ਹਨ। ਜਿਵੇਂ ਕਿ ਅਸੀਂ ਕਿਹਾ ਹੈ, ਚੇਲੇ ਵਾਪਿਸ ਤਿਬਿਰਿਯਾਸ ਝੀਲ ਵਿੱਚ ਮੱਛੀਆਂ ਫ਼ੜ੍ਹਨ ਚਲੇ ਗਏ। ਪ੍ਰਭੂ ਜੋ ਉਹਨਾਂ ਕੋਲ ਆਇਆ ਸੀ ਬੋਲਿਆ, "ਜੁਆਨੋ, ਤੁਸਾਂ ਖਾਣ ਨੂੰ ਕੁੱਝ ਫੜ੍ਹਿਆ?"

ਭਾਵੇਂ ਚੇਲਿਆਂ ਨੇ ਆਪਣਾ ਪੂਰਾ ਜ਼ੋਰ ਲ਼ਾਇਆ, ਉਹ ਕੁੱਝ ਨਾ ਫ਼ੜ੍ਹ ਸਕੇ। ਮੈਂ ਅਜਿਹੇ ਲੋਕ ਵੇਖੇ ਹਨ ਜਿਨ੍ਹਾਂ ਨੇ ਸੇਵਕਾਈ ਸ਼ੁਰੂ ਕੀਤੀ ਅਰ ਕੋਈ ਕਾਰਨ ਦੱਸ ਕੇ ਛੱਡ ਦਿੱਤੀ, ਅਰ ਦੁਨਿਆਵੀ ਕੰਮ ਕਰਨ ਲੱਗੇ। ਪਰੰਤੂ ਉਹਨਾਂ ਦਾ ਅੰਤ ਤਬਾਹੀਜ਼ਨਕ

(ਚਲਦਾ ਸਫਾ 9 ਤੇ)


## ਨਹਮਯਾਹ ਬਾਈਬਲ ਸ਼ਾਮ ਦਾ ਕਾਲਜ

ਚੇਪੌਕ ਅਤੇ ਸੰਤੋਸ਼ਪੁਰਮ, ਚੌਨਈ

ਮਾਧਿਅਮ- ਤਾਮਿਲ

*Registered Candidate for Membership*
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

**ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ**
**ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ**

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ- ਸਾਂਮ/ ਰਿਹਾਇਸ਼ੀ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11.ਸੰਤ ਪੌਲੁਸ ਮੈਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12.ਸੰਡੇ ਸਕੂਲ : ਸਵੇਰੇ 8.30 ਅਤੇ ਸ਼ਾਮ 4 ਵਜੇ
13.ਤਾਮਿਲ ਸਭਾ : ਸਵੇਰੇ 9.00 ਐਤਵਾਰ
14.ਹਿੰਦੀ : ਸ਼ਾਮ 4.00 ਐਤਵਾਰ
15.ਤੇਲਗੂ ਸਭਾ : ਸ਼ਾਮ 5.00 ਐਤਵਾਰ
16.ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
17.ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
18.ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
19.ਮੱਧ ਹਫਤੇ ਵਿੱਚ ਬਾਈਬਲ ਅਧਿਅਨ : ਸ਼ਾਮ 6.30 ਬੁੱਧਵਾਰ
20.ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
21.ਚੇਲੇਪਨ ਦੀ ਸਭਾ : ਸ਼ਾਮ 5.00 ਸ਼ਨੀਵਾਰ
22.ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
23.ਖਾਸ ਪ੍ਰਭੂ ਭੋਜ : ਸਵੇਰੇ 6.00 ਹਰ ਮਹੀਨੇ ਦੇ ਪਹਿਲੇ ਦਿਨ
24. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
25.ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
26. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
27. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
28.ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
29.ਸਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
30.ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
31. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

*For more details, write to us.*

**The Chairman, Nehemiah Bible College,**
Echo of His Call, Post Box 2957
CHEPAUK, CHENNAI - 600 005.
Ph.: (044) 2852 8282, 2852 9293, 2854 7766,
Cell : 98410 71852, 95661 31858
E.mail : biblecor@yahoo.co.in

## ਬੁਲਾਵੇ ਦੀ ਗੂੰਜ ਮਹੀਨੇਵਾਰ ਮੈਗਜ਼ੀਨ ਮੁਫ਼ਤ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ

ਜੇਕਰ ਤੁਸੀਂ ਆਪਣੇ ਮਿੱਤਰਾਂ/ ਰਿਸ਼ਤੇਦਾਰਾਂ ਦਾ ਪਤਾ ਸਾਨੂੰ ਡਾਕ, ਪੱਤਰ, ਈ-ਮੇਲ, ਵੱਟਸਐਪ ਜਾਂ ਫ਼ੋਨ ਰਾਹੀਂ ਭੇਜੋ ਤਾਂ ਬੁਲਾਵੇ ਦੀ ਗੂੰਜ ਮੈਗਜ਼ੀਨ ਹਰ ਮਹੀਨੇ ਉਨ੍ਹਾਂ ਨੂੰ ਮੁਫ਼ਤ ਭੇਜਾਂਗੇ।

ਸੰਪਾਦਕ

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਂਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

# ਈਸ਼ਵਰੀ ਦਰਸ਼ਨ

## DIVINE VISITATION!

ਪ੍ਰਮੇਸ਼ਵਰ ਦੀ ਕਿਰਪਾ ਨਾਲ, ਸਾਲ 1971 ਵਿੱਚ, ਪ੍ਰਭੂ ਨੇ ਮੈਨੂੰ ਚੇਪੌਕ, ਚੇਨਈ ਵਿੱਚ ਰਹਿ ਰਹੇ ਗੈਰ-ਮਸੀਹੀ ਲੋਕਾਂ ਲਈ ਇੱਕ ਬੋਝ ਦਿੱਤਾ। ਇਸ ਇਲਾਕੇ ਵਿਚ ਰਹਿਣ ਵਾਲੇ ਲੋਕ ਚੰਗੇ ਲੋਕ ਸਨ ਅਤੇ ਉਨ੍ਹਾਂ ਦਾ ਰੱਬ ਵਿਚ ਡੂੰਘਾ ਵਿਸ਼ਵਾਸ ਸੀ। ਉਹ ਮਿਹਨਤੀ ਸਨ ਅਤੇ ਦਿਨ ਰਾਤ ਮਿਹਨਤ ਕਰਦੇ ਸਨ। ਚੇਪੌਕ ਵਿੱਚ ਬਹੁਤ ਸਾਰੇ ਮਸ਼ਹੂਰ ਸਥਾਨ ਅਤੇ ਇਮਾਰਤਾਂ ਹਨ: ਬਹੁਤ ਸਾਰੇ ਸਿਨੇਮਾ ਥੀਏਟਰ, ਕ੍ਰਿਕਟ ਸਟੇਡੀਅਮ, ਪੁਲਿਸ ਸਟੇਸ਼ਨ, ਸੁੰਦਰ ਮਰੀਨਾ ਬੀਚ ਜੋ ਦੁਨੀਆ ਦਾ ਦੂਜਾ ਸਭ ਤੋਂ ਲੰਬਾ ਬੀਚ ਹੈ, ਕਾਮਰਾਜਰ ਰੋਡ ਜਿਸ ਨੂੰ ਰਾਇਲ ਰੋਡ ਵੀ ਕਿਹਾ ਜਾਂਦਾ ਹੈ, ਸਭ ਤੋਂ ਵਿਅਸਤ, ਲੰਬੀ ਅਤੇ ਸਭ ਤੋਂ ਮਸ਼ਹੂਰ ਮਾਊਂਟ ਰੋਡ, ਜਿਸਨੂੰ ਕਿ ਹੁਣ ਅੰਨਾ ਸਲਾਈ ਵੀ ਕਿਹਾ ਜਾਂਦਾ ਹੈ, ਲਾਈਟ ਹਾਊਸ, ਸਕੱਤਰੇਤ, ਸਭ ਤੋਂ ਮਹੱਤਵਪੂਰਨ- ਰੇਲਵੇ ਸਟੇਸ਼ਨ ਜਿਸਨੂੰ ਐਗਮੋਰ ਸਟੇਸ਼ਨ ਅਤੇ ਸੈਂਟਰਲ ਸਟੇਸ਼ਨ ਕਿਹਾ ਜਾਂਦਾ ਹੈ, ਬਹੁਤ ਸਾਰੇ ਸਰਕਾਰੀ ਦਫ਼ਤਰ, ਕੂਵਮ ਨਦੀ, ਮਸ਼ਹੂਰ ਸੈਂਥੋਮ ਚਰਚ, ਪ੍ਰੈਜ਼ੀਡੈਂਸੀ ਕਾਲਜ, ਅੰਨਾ ਮੈਮੋਰੀਅਲ ਬਿਲਡਿੰਗ ਆਦਿ। ਪੁਰਾਣੀ ਚੇਨਈ (ਮਦਰਾਸ) ਦਾ ਇਹ ਇੱਕ ਮਹੱਤਵਪੂਰਨ ਹਿੱਸਾ ਹੈ। ਮੈਨੂੰ ਇਸ ਇਲਾਕੇ ਦੇ ਬਹੁਤ ਗਰੀਬ, ਬਹੁਤ ਅਮੀਰ ਅਤੇ ਸਿੱਖਿਆ ਸ਼ਾਸਤਰੀਆਂ ਦੇ ਆਤਮਿਕ ਜੀਵਨ ਪ੍ਰਤੀ ਬਹੁਤ ਬੋਝ ਸੀ।

ਇਸ ਲਈ, ਮੈਂ ਹਰ ਰਾਤ 8 ਵਜੇ ਤੋਂ 10 ਵਜੇ ਤੱਕ ਪਰਮੇਸ਼ੁਰ ਦੇ, ਮੇਰੇ ਦੋ ਸਹਿ ਸੇਵਕਾਂ ਦੇ ਨਾਲ ਮਿਲਕੇ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿਚੋਂ ਇਕ ਸੀ ਬ੍ਰ. ਆਈ. ਚੰਦਰ ਸਿੰਘ, ਜੋ ਹੁਣ ਪਾਂਡੀਚੇਰੀ ਵਿੱਚ ਉਦਯੋਗਪਤੀ ਹਨ। ਦੂਜਾ ਭਰਾ ਸੀ, ਆਈ. ਮੋਸਿਸ ਪੈਕੀਆ ਮਨੀ ਜੋ ਹੁਣ ਚੇਨਈ ਵਿੱਚ ਇੱਕ ਮਸ਼ਹੂਰ ਵਪਾਰੀ ਹੈ। ਅਸੀਂ ਮਹਾਤਮਾ ਗਾਂਧੀ ਦੀ ਮੂਰਤੀ ਦੇ ਪਿੱਛੇ ਗੋਡੇ ਟੇਕ ਕੇ ਪ੍ਰਾਰਥਨਾ ਕਰਦੇ ਸੀ। ਜਿਵੇਂ ਕਿ ਅਸੀਂ ਮਹਿਸੂਸ ਕੀਤਾ ਕਿ ਫਿਲਮਾਂ ਲੋਕਾਂ ਨੂੰ ਵਿਨਾਸ਼ ਵੱਲ ਲਿਜਾ ਰਹੀਆਂ ਸਨ, ਅਸੀਂ ਪ੍ਰਾਰਥਨਾ ਕੀਤੀ ਕਿ ਪ੍ਰਮੇਸ਼ਵਰ ਸਾਰੇ ਫਿਲਮ ਥੀਏਟਰਾਂ ਨੂੰ ਹਟਾ ਦੇਵੇ ਜਾਂ ਬੰਦ ਕਰ ਦੇਵੇ।

ਕਿੰਨੀ ਹੈਰਾਨੀ ਹੈ! ਇਮਾਨਦਾਰੀ ਨਾਲ ਮੈਂ ਘੋਸ਼ਣਾ ਕਰਦਾ ਹਾਂ! ਯਹੋਵਾਹ ਪਰਮੇਸ਼ੁਰ ਨੇ ਸਾਡੀਆਂ ਪ੍ਰਾਰਥਨਾਵਾਂ ਦਾ ਜਵਾਬ ਦਿੱਤਾ। ਪੈਰਾਗਨ ਥੀਏਟਰ, ਸਟਾਰ ਥੀਏਟਰ, ਐਲਬਿਨਸਟਨ ਥੀਏਟਰ, ਦੇਵੀ ਥੀਏਟਰ, ਸ਼ਾਂਤੀ ਥੀਏਟਰ, ਅੰਨਾ ਥੀਏਟਰ, ਚਿੱਤਰ ਥੀਏਟਰ ਵਰਗੇ ਕੁਝ ਥੀਏਟਰ ਬੰਦ ਕਰ ਦਿੱਤੇ ਗਏ। ਹੁਣ, ਅਸੀਂ ਬਹੁਤ ਸਾਰੇ ਲੋਕਾਂ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰ ਸਕਦੇ ਸਾਂ, ਜੋ ਫਿਲਮਾਂ ਦੇਖਣ ਲਈ ਪਾਗਲ ਸਨ ਅਤੇ ਜੋ ਵਾਸਨਾ ਭਰਿਆ ਜੀਵਨ ਜੀ ਰਹੇ ਸਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਯਿਸੂ ਨੂੰ ਸਵੀਕਾਰ ਕਰ ਸਕਦੇ ਸਨ ਅਤੇ ਪਵਿੱਤਰ ਜੀਵਨ ਜੀਅ ਸਕਦੇ ਸਨ। ਪਰ ਇਸ ਖੇਤਰ ਵਿੱਚ ਕੋਈ ਚਰਚ ਨਹੀਂ ਸੀ। ਮਸੀਹ ਵਿੱਚ ਆਏ ਨਵੇਂ ਵਿਸ਼ਵਾਸੀਆਂ ਨੂੰ ਇੱਥੇ ਕਿਸੇ ਵੀ ਚਰਚ ਨਾਲ ਜੋੜਿਆ ਨਹੀਂ ਜਾ ਸਕਦਾ ਸੀ। ਅਸੀਂ ਸੋਚਿਆ ਕਿ ਇਸ ਖੇਤਰ ਵਿੱਚ ਚਰਚ ਹੋਣਾ ਅਸੰਭਵ ਹੈ। ਸਾਲ 1980 ਵਿੱਚ, ਪਰਮੇਸ਼ੁਰ ਨੇ ਸਾਨੂੰ ਚੇਪੌਕ, ਭਾਰਤ ਵਿੱਚ ਚਰਚ ਆਫ਼ ਗੌਡ ਦੀ ਇੱਕ ਸ਼ਾਖਾ ਸ਼ੁਰੂ ਕਰਨ ਦੇ ਯੋਗ ਬਣਾਇਆ। ਪਰ ਕਿਸੇ ਨੇ ਐਤਵਾਰ ਨੂੰ ਜੀਵਤ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਚਰਚ ਆਉਣ ਦੀ ਹਿੰਮਤ ਨਹੀਂ ਕੀਤੀ। ਮੇਰੀ ਪਤਨੀ ਅਤੇ ਮੇਰੀ ਧੀ ਜੋ ਉਸ ਸਮੇਂ ਛੋਟੀ ਸੀ, ਇਹੀ ਲੋਕ ਸਨ ਜਿਨ੍ਹਾਂ ਨੇ ਲਗਭਗ 5 ਸਾਲਾਂ ਤੱਕ ਮੇਰੇ ਨਾਲ ਅਰਾਧਨਾ ਕੀਤੀ। ਮੈਂ ਆਪਣਾ ਅਕਾਰਡੀਅਨ (ਇੱਕ ਸੰਗੀਤਕ ਸਾਜ਼) ਵਜਾਉਂਦਾ ਸੀ ਅਤੇ ਪ੍ਰਚਾਰ ਕਰਦਾ ਸੀ। ਮੈਨੂੰ ਇਸ ਦਾ ਬਹੁਤ ਵਿਰੋਧ ਹੋਇਆ ਸੀ।

ਇਕ ਦਿਨ ਸਵੇਰੇ 8 ਵਜੇ, ਮੈਂ ਚਰਚ ਦੇ ਵਿਹੜੇ ਨੂੰ ਸਾਫ਼ ਕੀਤਾ ਅਤੇ ਸੇਵਾ ਸ਼ੁਰੂ ਕਰਨ ਦਾ ਸਮਾਂ ਹੋ ਗਿਆ। ਭਾਵੇਂ ਮੈਂ ਚਰਚ ਦੇ ਵਿਹੜੇ ਨੂੰ ਸੇਵਾ ਕਰਨ ਲਈ ਤਿਆਰ ਕੀਤਾ, ਪਰ ਮੈਂ ਇਹ ਸੋਚ ਕੇ ਨਿਰਾਸ਼ ਹੋ ਗਿਆ ਕਿ ਕੋਈ ਵੀ ਸੇਵਾ ਵਿਚ ਹਾਜ਼ਰ ਨਹੀਂ ਹੋਵੇਗਾ। ਇਸ ਲਈ, ਮੈਂ ਆਪਣੇ ਬੈੱਡਰੂਮ ਵਿੱਚ ਆਰਾਮ ਕਰਨਾ ਚਾਹੁੰਦਾ ਸੀ ਅਤੇ ਉੱਥੇ ਜਾ ਕੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਮੈਂ ਸੌਂ ਨਹੀਂ ਸਕਿਆ। ਮੈਂ ਇੱਕ ਕਿਸਮ ਦੀ ਬੇਹੋਸ਼ੀ ਵਿੱਚ ਚਲਾ ਗਿਆ ਅਤੇ ਇੱਕ ਸੁਪਨਾ ਦੇਖਿਆ।

ਮੈਂ ਆਪਣੇ ਸੁਪਨੇ ਵਿੱਚ ਦੇਖਿਆ, ਮੇਰਾ ਘਰ ਪੂਰੀ ਤਰ੍ਹਾਂ ਚਮਕਦਾਰ ਰੌਸ਼ਨੀਆਂ ਨਾਲ ਸਜਿਆ ਹੋਇਆ ਹੈ। ਮੈਂ ਆਪਣੇ ਘਰ ਵਿੱਚ ਇੱਕ ਮਿੱਠੀ ਖੁਸ਼ਬੂ ਨੂੰ ਮਹਿਸੂਸ ਕਰ ਸਕਦਾ ਸੀ। ਅਚਾਨਕ ਇੱਕ 50 ਸਾਲ ਦਾ ਆਦਮੀ ਉਸ ਸਥਾਨ ਵਿੱਚ ਦਾਖਲ ਹੋਇਆ ਜਿੱਥੇ ਮੈਂ ਅਰਾਧਨਾ ਕਰਨ ਦੀ ਤਿਆਰੀ ਕੀਤੀ ਸੀ। ਉਸਨੇ ਸਾਰੀਆਂ ਲਾਈਟਾਂ ਅਤੇ ਪੱਖੇ ਚਾਲੂ ਕਰ ਦਿੱਤੇ। ਫਿਰ ਉਹ ਗੋਡੇ ਟੇਕ ਕੇ ਚੁੱਪਚਾਪ ਪ੍ਰਾਰਥਨਾ ਕਰਨ ਲੱਗਾ। ਫਿਰ ਮੈਂ ਦੇਖਿਆ ਕਿ ਜਗ੍ਹਾ ਲੋਕਾਂ ਨਾਲ ਭਰੀ ਹੋਈ ਸੀ।

ਮੈਂ ਜਾਗਿਆ ਅਤੇ ਕਾਹਲੀ ਵਿੱਚ, ਮੈਂ ਆਪਣੀ ਪਤਨੀ ਅਤੇ ਧੀ ਨੂੰ ਬੁਲਾਇਆ ਅਤੇ ਜਦੋਂ ਅਸੀਂ ਆਪਣੇ ਚਰਚ ਵਿੱਚ ਪ੍ਰਾਰਥਨਾ ਕਰਨ



*Rev. Dr. Bevin Lawrence & Mrs. Serena Bevin*

ਲੱਗੇ, ਤਾਂ ਮੈਨੂੰ ਅਹਿਸਾਸ ਹੋਇਆ ਕਿ ਉਹ ਆਦਮੀ ਜੋ ਪਹਿਲਾਂ ਹੀ ਉੱਥੇ ਪ੍ਰਾਰਥਨਾ ਕਰ ਰਿਹਾ ਸੀ, ਗਾਇਬ ਹੋ ਗਿਆ ਸੀ। ਮੈਂ ਅਤੇ ਮੇਰੀ ਪਤਨੀ ਨੇ ਆਪਣੇ ਗੁਨਾਹਾਂ ਦਾ ਇਕਬਾਲ ਕੀਤਾ ਅਤੇ ਮੀਟਿੰਗ ਸ਼ੁਰੂ ਕੀਤੀ।

ਕੁਝ ਹੀ ਮਿੰਟਾਂ ਵਿੱਚ, ਇੱਕ ਭਰਾ, ਉਸਦੀ ਪਤਨੀ ਅਤੇ ਉਹਨਾਂ ਦੇ ਪੁੱਤਰ ਨੇ ਜੋ ਸਾਰੇ ਚਿੱਟੇ ਕੱਪੜੇ ਪਹਿਨੇ ਹੋਏ ਸਨ, ਸਾਡੇ ਨਾਲ ਗੋਡੇ ਟੇਕ ਦਿੱਤੇ। ਇਹ ਭਰਾ ਰੈਵ. ਡਾ: ਬੇਵਿਨ ਲਾਰੈਂਸ ਸੀ, ਜੋ ਹੁਣ ਬਹੁਤ ਸਾਰੀਆਂ ਸੇਵਕਾਈਆਂ ਚਲਾ ਰਿਹਾ ਹੈ, ਜਿਸਦਾ ਹੈੱਡਕੁਆਰਟਰ ਕੋਡਾਈਕਨਾਲ ਵਿੱਚ ਹੈ। ਉਹ ਇੱਕ ਮੈਡੀਕਲ ਡਾਕਟਰ ਅਤੇ ਇੱਕ ਬਿਸ਼ਪ ਹੈ। ਉਸਦੀ ਪਤਨੀ ਸ਼੍ਰੀਮਤੀ ਸੇਰੇਨਾ ਬੇਵਿਨ ਹੈ, ਜੋ ਕਿ ਹੁਣ ਬੁਲਾਵੇ ਦੀ ਗੂੰਜ ਮੈਗਜ਼ੀਨ ਦੀ ਸੀਨੀਅਰ ਐਸੋਸੀਏਟ ਸੰਪਾਦਕ ਹੈ। ਇਕੱਠੇ, ਉਹ ਬਹੁਤ ਸਾਰੀਆਂ ਸੇਵਕਾਈਆਂ ਚਲਾਉਂਦੇ ਹਨ।

ਉਸ ਦਿਨ ਤੋਂ ਬਾਅਦ, ਮੈਂ ਆਪਣੀਆਂ ਸਾਰੀਆਂ ਚਰਚ ਸੇਵਾਵਾਂ ਸਮੇਂ ਸਿਰ ਸ਼ੁਰੂ ਕਰਦਾ ਹਾਂ ਭਾਵੇਂ ਲੋਕ ਆਉਣ ਜਾਂ ਨਾ। ਮੈਂ ਆਪਣੇ ਸਾਰੇ ਸਹਿਕਰਮੀਆਂ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਵੀ ਇਸ ਬਾਰੇ ਸਿਖਾਉਂਦਾ ਹਾਂ। ਪਰਮੇਸ਼ੁਰ ਭਲਾ ਹੈ। ***

(ਚਲਦਾ ਸਫਾ 6 ਤੋਂ)

ਹੋਵੇਗਾ। ਕਿਸੇ ਨੂੰ ਵੀ ਅਜਿਹੀਆਂ ਗਲਤੀਆਂ ਵਿੱਚ ਨਹੀਂ ਪੈਣਾ ਚਾਹੀਦਾ।

ਪ੍ਰਭੂ ਨੇ ਉਹਨਾਂ ਨੂੰ ਬਹੁਤੀਆਂ ਮੱਛੀਆਂ ਫੜ੍ਹਨ ਦੇ ਕੁੱਝ ਨੁਸਖ਼ੇ ਦੱਸੇ ਅਰ ਉਨ੍ਹਾਂ ਨੇ ਉਹੋ ਕੀਤਾ। ਉਹ ਮਹਾਨ ਮੁਕਤੀਦਾਤਾ ਯਿਸੂ ਮਸੀਹ ਹੈ! ਇੱਕ ਠੋਸ ਉੱਚੀ ਬੁਲਾਹਟ ਰਾਹੀਂ ਉਸਨੇ ਤੁਹਾਨੂੰ ਚੁਣਿਆ, ਵਰਦਾਨ ਅਰ ਤੋੜੇ ਦਿੱਤੇ ਅਰ ਉੱਚਾ ਚੁੱਕਿਆ ਹੈ। ਕਿੰਨੇ ਦੁਸ਼ਟ ਆਤਮੇ ਤੁਹਾਡੀਆਂ ਪ੍ਰਾਰਥਨਾਵਾਂ ਰਾਹੀਂ ਨਿਕਲੇ ਹਨ? ਕਿੰਨੇ ਉਹਨਾਂ ਬਿਮਾਰੀਆਂ ਤੋਂ ਅਜ਼ਾਦ ਹੋਏ ਹਨ ਜਿਨ੍ਹਾਂ ਦਾ ਕੋਈ ਇਲਾਜ ਹੀ ਨਹੀਂ ਸੀ? ਕੁੱਝ ਪਰੇਸ਼ਾਨੀਆਂ ਕਰਕੇ ਜਾਂ ਕਿਸੇ ਦੁਨਿਆਵੀ ਅਨੰਦ ਕਰਕੇ, ਕੀ ਤੁਸੀਂ ਪ੍ਰਮੇਸ਼ਵਰ ਦੇ ਪ੍ਰੇਮ ਤੋਂ ਦੂਰ ਨੱਸ ਗਏ ਹੋ!?

## ਕੁੱਝ ਪਲ ਆਪਣੇ ਜੀਵਨ ਬਾਰੇ ਸੋਚੋ

ਕਿਵੇਂ ਪ੍ਰਮੇਸ਼ਵਰ ਨੇ ਤੁਹਾਨੂੰ ਉਸ ਸਮੱਸਿਆ ਵਿੱਚੋਂ ਕੱਢਿਆ ਜਿਸਨੇ ਤੁਹਾਨੂੰ ਅਰ ਤੁਹਾਡੇ ਬੱਚਿਆਂ ਨੂੰ ਸੱਟ ਮਾਰੀ? ਜਦੋਂ ਤੁਸੀਂ ਬਿਮਾਰੀਆਂ, ਅਸਫਲਤਾਵਾਂ ਅਰ ਮੁਸ਼ਕਿਲਾਂ ਦੁਆਰਾ ਗ੍ਰਸਤ ਸੀ, ਯਾਦ ਕਰੋ ਕਿਵੇਂ ਪ੍ਰਮੇਸ਼ਵਰ ਨੇ ਆਪਣੇ ਚਮਤਕਾਰ ਦੁਆਰਾ ਤੁਹਾਨੂੰ ਛੁਡਾਇਆ? ਕੀ ਇਸਦਾ ਇਹ ਮਤਲਬ ਨਹੀਂ ਕਿ ਪ੍ਰਭੂ ਤੁਹਾਡੇ ਨਾਲ ਹੈ ਅਰ ਤੁਹਾਡੇ ਪ੍ਰਤੀ ਦਿਆਲੂ ਹੈ, ਕੀ ਤੁਸੀਂ ਇੱਕ ਵਾਰ ਉਸਦੀ ਸਹਾਇਤਾ ਦਾ ਅਨੰਦ ਮਾਣਿਆ? ਕਿਰਪਾ ਕਰਕੇ ਉਸਨੂੰ ਨਾ ਤਿਆਗੋ ਅਰ ਜਿੰਦਗੀ ਵਿੱਚ ਪਹਿਲਾਂ ਦਰਜ਼ਾ ਉਸਨੂੰ ਦਿਓ। ਤੁਹਾਡੀ ਉਦਾਸੀ ਅਨੰਦ ਵਿੱਚ ਬਦਲ ਜਾਵੇਗੀ।

ਅਸੀਂ ਆਪਣੇ ਜੀਵਨ ਵਿੱਚ ਦਿਨ ਹਰ ਕਈ ਤੂਫ਼ਾਨਾਂ ਦਾ ਸਾਹਮਣਾ ਕਰਦੇ ਹਾਂ। ਇਹ ਤੂਫ਼ਾਨ ਅਲੱਗ ਅਲੱਗ ਦਿਸ਼ਾਵਾਂ ਵੱਲੋਂ, ਅਲੱਗ ਅਲੱਗ ਵਿਅਕਤੀਆਂ ਵੱਲੋਂ ਅਲੱਗ ਅਲੱਗ ਰਫ਼ਤਾਰ ਨਾਲ ਹਮਲਾ ਕਰਦੇ ਹਨ। ਸਾਡਾ ਸਾਹਮਣਾ




ਨ੍ਹੇਰੀਆਂ, ਤੇਜ਼ ਹਵਾਵਾਂ, ਵਾਵਰੋਲਿਆਂ ਅਰ ਭਿਆਨਕ ਤੂਫ਼ਾਨਾਂ ਨਾਲ ਹੁੰਦਾ ਹੈ। ਆਓ ਅਸੀਂ ਤੂਫ਼ਾਨ ਦੀਆਂ ਕਿਸਮਾਂ ਨੂੰ ਵੇਖੀਏ, ਉਹ ਕਦੋਂ ਸਾਨੂੰ ਟੱਕਰ ਮਾਰਦੇ ਹਨ, ਕਿਸ ਤਰ੍ਹਾਂ ਦੇ ਜ਼ਖ਼ਮ ਉਹ ਸਾਡੇ ਜੀਵਨ ਵਿਚ ਕਰਦੇ ਹਨ ਅਰ ਕਿਵੇਂ ਅਸੀਂ ਪ੍ਰਮੇਸ਼ਵਰ ਦੀ ਤਾਕਤ ਨਾਲ ਉਹਨਾਂ ਉੱਪਰ ਜਿੱਤ ਹਾਸਲ ਕਰ ਸਕਦੇ ਹਾਂ।

ਹਾਲਾਤ ਬੇਕਾਬੂ ਹੋਣ ਤੋਂ ਪਹਿਲਾਂ ਸਾਨੂੰ ਕੰਮ ਕਰਨਾ ਹੈ। ਹਮਲਾ ਹੋਣ ਅਤੇ ਹਾਲਾਤ ਹੱਥੋਂ ਨਿਕਲ ਜਾਣ ਦਰਮਿਆਨ ਸਾਡੇ ਕੋਲ ਕੁੱਝ ਫ਼ਾਸਲਾ (ਸਮਾਂ) ਹੁੰਦਾ ਹੈ। ਪ੍ਰਮੇਸ਼ਵਰ ਇਨਾਂ ਦਿਆਲੂ ਹੈ ਕਿ ਉਹ ਆਪਣਾ ਰਹਿਮ ਦੇ ਕੇ ਸਭ ਕੁੱਝ ਸਾਡੇ ਕਾਬੂ ਹੇਠ ਕਰ ਦਿੰਦਾ ਹੈ।ਪ੍ਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਪੂਰੀ ਸਮਝ ਅਰ ਧਿਆਨ ਨਾਲ ਚੱਲੀਏ। ਮੈਂ ਇੱਥੇ ਉਹਨਾਂ ਗੱਲਾਂ ਨੂੰ ਜਿਨ੍ਹਾਂ ਦਾ ਸਾਹਮਣਾ ਸਾਡੇ ਦਿਮਾਗ ਨਾਲ ਹੁੰਦਾ ਹੈ ਅਰ ਉਹਨਾਂ ਸਮੱਸਿਆਵਾਂ ਨੂੰ ਜੋ ਲੋਕਾਂ ਵੱਲੋਂ ਆਉਂਦੀਆਂ ਹਨ ਤੂਫ਼ਾਨ ਆਖਦਾ ਹਾਂ।ਜੇਕਰ ਅਸੀਂ ਤੂਫ਼ਾਨ ਨੂੰ ਉੱਠਦਾ ਵੇਖ ਕੇ ਸੁਰੱਖਿਆ ਦੇ ਕਦਮ ਨਾ ਚੁੱਕੀਏ, ਅਸੀਂ ਡੁੱਬ ਸਕਦੇ ਹਾਂ। ਇਸੇ ਕਰਕੇ ਸਾਡੇ ਪ੍ਰਭੂ ਯਿਸੂ ਮਸੀਹ ਯੂਹੰਨਾ 9:4 ਵਿੱਚ ਰਾਤ ਦੇ ਆਉਣ ਬਾਰੇ ਆਖਦੇ ਹਨ। ਪ੍ਰਭੂ ਆਪਣੇ ਕੰਮ ਨੂੰ ਉਸ ਰਾਤ ਦੇ ਆਉਣ ਤੋਂ ਪਹਿਲਾਂ ਪੂਰਾ ਕਰਨ ਚਾਹੁੰਦੇ ਸਨ। ਉਹਨਾਂ ਨੇ ਓਹੀ ਕੀਤਾ। ਸ਼ੈਤਾਨ ਸਾਨੂੰ ਪਟੜੀ ਤੋਂ ਉਤਾਰਨ ਦੇ ਇੰਤਜ਼ਾਰ ਵਿੱਚ ਬੈਠਾ ਹੈ (1 ਪਤਰਸ 5:8)। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀਆਂ ਚੁਨੌਤੀਆਂ ਦਾ ਸਾਹਮਣਾ ਕਰੋ ਕਿ ਪ੍ਰਮੇਸ਼ਵਰ ਤੁਹਾਡੇ ਜੀਵਨ ਉੱਪਰ ਪੂਰੀ ਤਰ੍ਹਾਂ ਕਾਬਜ਼ ਹੈ। ਗੁੱਸਾ ਨਾ ਕਰੋ। ਉਦਾਸ ਨਾ ਹੋਵੋ। ਹਰ ਹਾਲ ਵਿੱਚ ਪ੍ਰਮੇਸ਼ਵਰ ਦਾ ਧੰਨਵਾਦ ਕਰਨਾ ਸਿੱਖੋ। ਪ੍ਰਮੇਸ਼ਵਰ ਦੇ ਵਾਅਦਿਆਂ ਨੂੰ ਦੁਹਰਾਓ। ਪ੍ਰਮੇਸ਼ਵਰ ਮੇਰੇ ਨਾਲ ਅਰ ਮੇਰੇ ਲਈ ਹੈ। ਮੈਂ ਉਹ ਹਾਂ ਜੋ ਸਭ ਹਲਾਤਾਂ ਉੱਪਰ ਜਿੱਤ ਹਾਸਲ ਕਰਦਾ ਹਾਂ। ਸਵਰਗ ਦਾ ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ!

* * * * * * * * * * * * *

## ਵਿਸ਼ੇਸ਼ ਸੂਚਨਾ

### ਸਾਨੂੰ ਆਨਰੇਰੀ ਪ੍ਰਤੀਨਿਧਾਂ ਦੀ ਲੋੜ ਹੈ!

ਅਸੀਂ ਦੇਖਿਆ ਹੈ ਕਿ ਸਿੰਹਾਲੀ, ਨੇਪਾਲੀ, ਉਰਦੂ ਅਤੇ ਅਫਰੀਕੀ ਭਾਸ਼ਾਵਾਂ ਵਿੱਚ ਛਪੀ ਈਕੋ ਆਫ ਹਿਜ਼ ਕਾਲ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਬਹੁਤ ਘੱਟ ਗਈ ਹੈ। ਇਹ ਸਾਡੇ ਪੁਰਾਣੇ ਦੋਸਤਾਂ ਦੇ ਚਲੇ ਜਾਣ ਅਤੇ ਉਨ੍ਹਾਂ ਦੇ ਨਿਵਾਸ ਸਥਾਨ ਦੀ ਸੰਭਾਵਿਤ ਤਬਦੀਲੀ ਕਾਰਨ ਹੋ ਸਕਦਾ ਹੈ। ਅਸੀਂ ਪਾਠਕਾਂ ਦੀ ਗਿਣਤੀ ਨੂੰ ਵਧਾਉਣ ਦੇ ਢੰਗਾਂ ਅਤੇ ਸਾਧਨਾਂ ਬਾਰੇ ਸੋਚ ਰਹੇ ਹਾਂ। ਕੋਸ਼ਿਸ਼ ਦੇ ਇੱਕ ਉਪਰਾਲੇ ਵਜੋਂ, ਸਾਨੂੰ ਨੇਪਾਲੀ, ਉਰਦੂ, ਸਿੰਹਾਲਾ ਅਤੇ ਅਫਰੀਕਨ ਪਾਠਕਾਂ ਵਿੱਚੋਂ ਆਨਰੇਰੀ ਪ੍ਰਤੀਨਿਧਾਂ ਦੀ ਲੋੜ ਹੈ, ਜੋ ਕਿ:

(1) ਉਹਨਾਂ ਦੀਆਂ ਭਾਸ਼ਾਵਾਂ ਵਿੱਚ ਮੈਗਜ਼ੀਨ ਲਈ ਵੱਧ ਤੋਂ ਵੱਧ ਪਾਠਕਾਂ ਨੂੰ ਇਕੱਠਾ ਕਰਨ।

(2) ਹੋਰ ਕਾਪੀਆਂ ਛਾਪਣ ਅਤੇ ਆਪੋ-ਆਪਣੇ ਦੇਸ਼ਾਂ/ਖੇਤਰਾਂ ਦੇ ਪਾਠਕਾਂ ਵਿੱਚ ਭੇਜਣ ਲਈ ਅੱਗੇ ਆਉਣ।

(3) ਕੁਝ ਪ੍ਰਤੀਨਿਧਾਂ ਨੂੰ ਖੜਾ ਕਰਨ ਵਿੱਚ ਸਾਡੀ ਮਦਦ ਕਰੋ ਜੋ ਕਿ ਸਾਨੂੰ ਨਵੇਂ ਪਤੇ ਪ੍ਰਦਾਨ ਕਰਨ ਅਤੇ ਵਿਤਰਣ ਨੂੰ ਉਤਸ਼ਾਹਿਤ ਕਰਨ ਲਈ ਫੋਟੋ ਕਾਪੀਆਂ ਲੈ ਕੇ ਉਨ੍ਹਾਂ ਨੂੰ ਪਰਿਵਾਰ ਅਤੇ ਦੋਸਤਾਂ ਨੂੰ ਭੇਜਣ।

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23


## ਇਸ਼ਤਿਹਾਰ

### ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ


## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

(This Account is for Tax Exemption for Indians only )

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**

*****

**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।


Our address :

**ECHO OF HIS CALL**

10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com


**YOU CAN SEND YOUR DONATION ONLINE ALSO**


RNI NO. 2000/1914
Postal Regn. No. TN/CH/(C)/192/21-23
WPP NO. TN/PMG(CCR) / WPP- 263/21-23
Date of Publication: Third week of every month
Date of Posting : 19th & 20th of every month
Posted at “Egmore RMS / 1 Patrika Channel”
on 20th MARCH, 2023
If un-delivered please return to:
ECHO OF HIS CALL (PUNJABI)
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766


*JESUS LOVES YOU!*

**To**

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj** at **Echo of His Call Printers**, New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**